# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## 2 ਨਵੀਆਂ ਜੇ.ਸੀ.ਬੀ ਮਸ਼ੀਨਾਂ ਨੂੰ ਨਗਰ ਨਿਗਮ ਦੇ ਕਮਿਸ਼ਨਰ ਰਾਹੂਲ ਚਾਬਾ ਅਤੇ ਮੇਅਰ ਸ਼ਿਵ ਸੂਦ ਨੇ ਕੀਤਾ ਰਵਾਨਾ

### ਇਹਨ੍ਹਾ ਜੇ.ਸੀ.ਬੀ ਮਸ਼ੀਨਾਂ ਨਾਲ ਸ਼ਹਿਰ ਦੀ ਸਫਾਈ ਵਿੱਚ ਹੋਵੇਗਾ ਹੋਰ ਵਾਧਾ।

ਹੁਸ਼ਿਆਰਪੁਰ 2 ਅਗਸਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚਲਾਏ ਗਏ ਸਵੱਛ ਭਾਰਤ ਅਭਿਆਨ ਤਹਿਤ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਨਗਰ ਨਿਗਮ ਵੱਲੋਂ ਖਰੀਦੀਆਂ ਗਈਆਂ 2 ਨਵੀਆਂ ਜੇ.ਸੀ.ਬੀ ਮਸ਼ੀਨਾਂ ਨੂੰ ਅੱਜ ਸਵਾਮੀ ਵਿਵੇਕਾਨੰਦ ਮਿਉਸਪਲ ਭਵਨ ਵਿਖੇ ਨਗਰ ਨਿਗਮ ਦੇ ਕਮਿਸ਼ਨਰ ਰਾਹੂਲ ਚਾਬਾ ਅਤੇ ਮੇਅਰ ਸ਼ਿਵ ਸੂਦ ਨੇ ਨਾਰੀਅਲ ਤੋੜ ਕੇ ਰਵਾਨਾ ਕੀਤਾ।ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿਪਲਾਵਾਲਾਂ, ਡਿਪਟੀ ਮੇਅਰ ਸ਼ੁਕਲਾ ਸ਼ਰਮਾ ਵੀ ਇਸ ਮੋਕੇ ਤੇ ਉਹਨ੍ਹਾਂ ਦੇ ਨਾਲ ਸਨ। ਸ਼ਿਵ ਸੂਦ ਨੇ ਦਸਿੱਆ ਕਿ ਮਾਤਾ ਚਿੰਤਪੂਰਨੀ ਦੇ ਮੇਲੇ ਦੋਰਾਨ ਸਫਾਈ ਵਿਵਸਥਾ ਠੀਕ ਢੰਗ ਨਾਲ ਰਖਣ ਲਈ ਇਹ ਜੇ.ਸੀ.ਬੀ ਮਸ਼ੀਨਾ ਰਵਾਨਾ ਕੀਤੀਆਂ ਗਈਆਂ ਹਨ। ਇਹ ਸ਼ਹਿਰ ਅਤੇ ਚਿੰਤਪੂਰਨੀ ਰੋਡ ਤੋਂ ਰੋਜਾਨਾ ਕੂੜਾ ਇਕੱਠਾ ਕਰਨਗੀਆਂ। ਉਹਨ੍ਹਾਂ ਨੇ ਦਸਿੱਆ ਕਿ ਇਸ ਤੋਂ ਪਹਿਲਾਂ 10 ਨਵੀਆਂ ਟਾਟਾ ਹਾਈਡਰੋਲਿਕ ਗਡੀਆਂ ਵੀ ਸ਼ਹਿਰ ਵਿੱਚ ਵੱਖ ਵੱਖ ਬੀਟਾਂ ਅਤੇ ਚਿੰਤਪੂਰਨੀ ਰੋਡ ਤੋਂ ਕੂੜਾ ਇਕਠਾ ਕਰਕੇ ਡੰਪ ਤੱਕ ਪਹੁੰਚਾ ਰਹੀਆਂ ਹਨ।ਇਹਨ੍ਹਾਂ ਜੇ.ਸੀ.ਬੀ ਮਸ਼ੀਨਾ ਅਤੇ ਟਾਟਾ ਐਸ ਗੱਡੀਆਂ ਨਾਲ ਸ਼ਹਿਰ ਦੀ ਸਫਾਈ ਰਖਣ ਵਿੱਚ ਕਾਫੀ ਸਹਾਇਤਾ ਮਿਲੇਗੀ।ਉਹਨ੍ਹਾਂ ਹੋਰ ਦਸਿੱਆ ਕਿ ਨਗਰ ਨਿਗਮ ਵੱਲੋਂ ਨਵੀ ਖਰੀਦ ਕੀਤੀ ਗਈ ਫੋਗਿੰਗ ਮਸ਼ੀਨ ਰਾਂਹੀ ਚਿੰਤਪੂਰਨੀ ਰੋਡ ਤੇ ਫੋਗਿੰਗ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ।

ਨਗਰ ਨਿਗਮ ਦੇ ਏ.ਐਮ.ਈ ਹਰਪ੍ਰੀਤ ਸਿੰਘ, ਜੇ.ਈ ਇਲੈਕਟ੍ਰੀਕਲ ਅਸ਼ਵਨੀ ਸ਼ਰਮਾ, ਜੇ.ਈ ਮਕੈਨੀਕਲ ਅਸ਼ਵਨੀ ਸ਼ਰਮਾ, ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ, ਜਨਕ ਰਾਜ, ਸੁਰਿੰਦਰ ਕੁਮਾਰ, ਇੰਸਪੈਕਟਰ ਵਿਜੈ ਕੁਮਾਰ, ਕੁਲਵਿੰਦਰ ਸਿੰਘ, ਕੋਸਲਰ ਰਮੇਸ਼ ਠਾਕੁਰ, ਸੁਰੇਸ਼ ਭਾਟੀਆਂ ਬਿੱਟੂ, ਰਾਹੁਲ ਸ਼ਰਮਾ, ਜ਼ਸਪਾਲ ਸਿੰਘ ਵੀ ਇਸ ਮੋਕੇ ਤੇ ਹਾਜ਼ਰ ਸਨ।